# ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ
## Office of the Deputy Commissioner-cum-Distt. Magistrate, Faridkot
(ਫੁਟਕਲ ਸ਼ਾਖਾ)

ਹੁਕਮ ਨੰਬਰ ੫੦੨ /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰਬਰ 1587/ਫਸ ਮਿਤੀ 23.03.2020 ਰਾਹੀਂ ਕੋਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਸ੍ਰੀ ਮਨੋਹਰ ਲਾਲ ਮਾਲਕ ਮੈਸ. ਨਾਵਲਟੀ ਹੈਂਡਲੂਮ ਸਟੋਰ ਹਜੂਰੀ ਬਜਾਰ, ਫਰੀਦਕੋਟ ਦੀ ਬੇਨਤੀ ਨੂੰ ਵਿਚਾਰਨ ਉਪਰੰਤ ਉਸ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਆਪਣੀ ਦੁਕਾਨ ਦੀ ਘੱਟ ਲੇਬਰ ਲਗਾ ਕੇ ਉਸਾਰੀ ਕਰਨ ਲਈ ਪ੍ਰਵਾਨਗੀ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਦਿੱਤੀ ਜਾਂਦੀ ਹੈ:-

1) ਦੁਕਾਨ ਮਾਲਕ ਕੰਮ ਕਰਨ ਸਮੇਂ ਉਕਤ ਕਰਫਿਊ ਹੁਕਮਾਂ ਦੀ ਉਲੰਘਣਾ ਨਹੀਂ ਕਰੇਗਾ ਅਤੇ ਕੰਮ ਕਰਨ ਸਮੇਂ ਲੇਬਰ ਇੱਕ ਦੂਸਰੇ ਤੋਂ ਘੱਟ ਤੋਂ ਘੱਟ 2 ਮੀਟਰ ਦੀ ਸਮਾਜਿਕ ਦੂਰੀ ਬਣਾਕੇ ਰੱਖਣਗੇ।
2) ਕੰਮ ਕਰਨ ਸਮੇਂ ਲੇਬਰ ਦੀ ਰਿਹਾਇਸ਼ ਅਤੇ ਖਾਣੇ ਆਦਿ ਦਾ ਪ੍ਰਬੰਧ ਦੁਕਾਨ ਦੇ ਅੰਦਰ ਹੀ ਕਰੇਗਾ ਅਤੇ ਨਾਲ ਹੀ ਆਪਣੇ ਲੇਬਰ ਦੀ ਸਵੱਛਤਾ ਦਾ ਖਾਸ ਧਿਆਨ ਰੱਖੇਗਾ।
3) ਦੁਕਾਨ ਮਾਲਕ ਵੱਲੋਂ 05 ਤੋਂ ਵੱਧ ਲੇਬਰ ਨਹੀਂ ਲਗਾਈ ਜਾਵੇਗੀ ਅਤੇ ਲੇਬਰ ਲਈ ਸੈਨੇਟਾਈਜਰ, ਮਾਸਕ ਦਾ ਪ੍ਰਬੰਧ ਵੀ ਦੁਕਾਨ ਮਾਲਕ ਵੱਲੋਂ ਕੀਤਾ ਜਾਵੇਗਾ।
4) ਦੁਕਾਨ ਮਾਲਕ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਦੁਕਾਨ ਦੀ ਉਸਾਰੀ ਕਰਨ ਸਮੇਂ ਕਿਸੇ ਕਿਸਮ ਦਾ ਰਸਤਾ ਬੰਦ ਨਹੀਂ ਕੀਤਾ ਜਾਵੇਗਾ ਅਤੇ ਮਲਬਾ ਇਕੱਠਾ ਨਹੀਂ ਹੋਣ ਦਿੱਤਾ ਜਾਵੇਗਾ।
5) ਦੁਕਾਨ ਮਾਲਕ ਵੱਲੋਂ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਇਸ ਦਫ਼ਤਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

ਜ਼ਿਲ੍ਹਾ ਮੈਜਿਸਟਰੇਟ ਫਰੀਦਕੋਟ

ਇਹ ਹੁਕਮ ਮਿਤੀ 04-05-2020 ਤੋਂ ਲੌਕਡਾਊਨ ਸਮੇਂ ਦੌਰਾਨ ਲਾਗੂ ਰਹਿਣਗੇ।

ਮਿਤੀ 03-05-2020

(ਕੁਮਾਰ ਸੌਰਭ ਰਾਜ),ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

ਪਿੱ:ਅੰ:ਨੰ: ੨੫੭੧ /ਫਸ-ਫਕ-2 ਮਿਤੀ 03-05-2020
ਉਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
2) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
3) ਵਧੀਕ ਡਿਪਟੀ ਕਮਿਸ਼ਨਰ (ਜ) ਅਤੇ (ਵਿਕਾਸ), ਫਰੀਦਕੋਟ
4) ਉਪ ਮੰਡਲ ਮੈਜਿਸਟਰੇਟ, ਫਰੀਦਕੋਟ
5) ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ
6) ਸਹਾਇਕ ਲੇਬਰ ਕਮਿਸ਼ਨਰ, ਮੋਗਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਸਮੇਂ ਕਿਸੇ ਅਧਿਕਾਰੀ ਦੀ ਡਿਊਟੀ ਲਗਾਈ ਜਾਵੇ ਕਿ ਮੌਕਾ ਪਰ ਜਾ ਕੇ ਵੇਖਿਆ ਜਾਵੇ ਕਿ ਹਦਾਇਤਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਕਿ ਨਹੀਂ?
7) ਸ੍ਰੀ ਮਨੋਹਰ ਲਾਲ ਮਾਲਕ ਮੈਸ. ਨਾਵਲਟੀ ਹੈਂਡਲੂਮ ਸਟੋਰ ਹਜੂਰੀ ਬਜਾਰ, ਫਰੀਦਕੋਟ ਪਾਸ ਹਦਾਇਤਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਕਮਿਸ਼ਨਰ (ਜਨਰਲ)
ਵਾਸਤੇ ਜਿਲ੍ਹਾ ਮੈਜਿਸਟ੍ਰੇਟ,
ਫਰੀਦਕੋਟ।

Scanned with CamScanner